# ਖਰਾਬ ਚੈੱਕ ਤੇ ਨਿਯੰਤਰਣ

ਖਰਾਬ ਚੈੱਕ ਦੇ ਕਲਾਕਾਰ ਛੋਟੇ ਧੰਦਿਆਂ ਵਿਚੋਂ ਹਰ ਸਾਲ ਹਜ਼ਾਰਾਂ ਡਾਲਰ ਚੁਰਾਉਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਛੋਟੇ ਬਿਜ਼ਨੈਸ ਇਸ ਕੰਮ ਵਿੱਚ ਉਹਨਾਂ ਦੀ ਮਦਦ ਕਰਦੇ ਹਨ ਕਿਉਂਕਿ ਇਹ:

- ਬਹੁਤ ਜ਼ਿਆਦਾ ਵਿਸ਼ਵਾਸ ਕਰਦੇ ਹਨ;
- ਸਹੀ ਪਹਿਚਾਣ ਮੰਗਣ ਵਿੱਚ ਬਹੁਤ ਜ਼ਿਆਦਾ ਸ਼ਰਮ ਮਹਿਸੂਸ ਕਰਦੇ ਹਨ; ਜਾਂ
- ਆਪਣੇ ਸਟਾਫ ਨੂੰ ਠੀਕ ਢੰਗ ਨਾਲ ਸਿਖਿਅਤ ਨਹੀਂ ਕਰਦੇ।

ਇਸ ਤਰ੍ਹਾਂ ਨਾਲ ਗਵਾਇਆ ਹੋਇਆ ਪੈਸਾ ਵਸੂਲ ਕਰਨਾ ਹਮੇਸ਼ਾ ਬਹੁਤ ਔਖਾ ਹੁੰਦਾ ਹੈ (ਅਤੇ ਅਕਸਰ ਅਸੰਭਵ ਹੁੰਦਾ ਹੈ)।ਵਾਪਸ ਵਸੂਲੀ ਦੀ ਤੁਲਣਾ ਵਿੱਚ ਰੋਕ-ਥਾਮ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਹੈ।

ਖਤਰਿਆਂ ਨੂੰ ਬਹੁਤ ਜ਼ਿਆਦਾ ਘੱਟ ਕੀਤਾ ਜਾ ਸਕਦਾ ਹੈ :

- ਚੈੱਕ ਨੂੰ ਕੈਸ਼ ਕਰਨ ਦਾ ਅਧਿਕਾਰ ਕੁੱਝ ਗਿਣੇ-ਚੁਣੇ ਕਰਮਚਾਰੀਆਂ ਤੱਕ ਹੀ ਸੀਮਤ ਕਰਨਾ, ਜਿਨ੍ਹਾਂ ਦਾ ਚੈੱਕ ਤੇ ਹਸਤਾਖਰ ਕਰਨਾ ਜ਼ਰੂਰੀ ਹੋਵੇਗਾ;
- ਚੈੱਕ ਦੀ ਵੱਧ ਤੋਂ ਵੱਧ ਸੀਮਾ ਨਿਰਧਾਰਿਤ ਕਰੋ ਜੋ ਕਿ ਚੁਣਿਆ ਹੋਇਆ ਕਰਮਚਾਰੀ ਸਵੀਕਾਰ ਕਰ ਸਕਦਾ ਹੈ।

ਅਜਿਹੇ ਲੋਕਾਂ ਦੇ ਲੱਛਣ ਪਹਿਚਾਨਣਾ ਸਿੱਖੋ ਜੋ ਜਾਣ ਬੁੱਝ ਕੇ ਫਾਲਤੂ ਚੈੱਕ ਦਿੰਦੇ ਹਨ। ਇਸ ਖਤਰੇ ਦੇ ਕੁੱਝ ਸੰਕੇਤ ਇਸ ਪ੍ਰਕਾਰ ਹਨ :

- ਇੱਕ ਅਜਨਬੀ ਜੋ ਆਪਣੀ ਪਹਿਚਾਣ ਦੇਣ ਦਾ ਵਿਰੋਧ ਕਰਦਾ ਹੈ ਲੇਕਿਨ ਕੁੱਝ ਮੰਨੇ-ਪ੍ਰਮੰਨੇ ਲੋਕਾਂ ਦੇ ਨਾਮ ਦੱਸ ਕੇ ਉਹਨਾਂ ਨੂੰ ਆਪਣਾ ਦੋਸਤ ਦੱਸਦਾ ਹੈ;
- ਗਾਹਕ ਜੋ ਸਮਾਨ ਦੀ ਕੀਮਤ ਤੋਂ ਜ਼ਿਆਦਾ ਦਾ ਚੈੱਕ ਲਿਖਣਾ ਚਾਹੁੰਦਾ ਹੈ ਅਤੇ ਜ਼ਿਆਦਾ ਰਕਮ ਨੂੰ ਕੈਸ਼ ਦੇ ਰੂਪ ਵਿੱਚ ਵਾਪਸ ਮੰਗਦਾ ਹੈ;
- ਅਣਜਾਣ ਕੰਪਨੀ ਦੁਆਰਾ ਜਾਰੀ ਕੀਤਾ ਗਿਆ ਚੈੱਕ ਖਾਸ ਕਰਕੇ ਜੇ ਉਹ ਕਨੂੰਨੀ ਕਾਗਜ਼ ਤੇ ਨਾ ਛਪਿਆ ਹੋਵੇ;
- ਕਿਸੀ ਦੂਜੀ ਪਾਰਟੀ ਦਾ ਚੈੱਕ......ਧੋਖਾ ਦੇਣ ਦੀ ਸੰਭਾਵਨਾ ਦੁੱਗਣੀ ਹੋ ਜਾਂਦੀ ਹੈ
- ਅੱਗੇ ਦੀ ਤਰੀਕ ਦਾ ਚੈੱਕ ਜਾਂ ਅਜਿਹਾ ਚੈੱਕ ਜਿਸ ਤੇ ਕਿਸੀ ਪ੍ਰਕਾਰ ਨਾਲ ਹੇਰ-ਫੇਰ ਕੀਤੀ ਗਈ ਹੋਵੇ;
- ਗਾਹਕ ਜੋ ਕਿਸੀ ਹੋਰ ਕੰਪਨੀ ਦੇ ਨਾਮ ਦਾ ਚੈੱਕ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਹ ਉਸਦੀ ਕੰਪਨੀ ਹੈ ਅਤੇ ਉਸਨੂੰ ਉਸ ਤੇ ਹਸਤਾਖਰ ਕਰਨ ਦਾ ਅਧਿਕਾਰ ਹੈ;
- ਨਾਬਾਲਗ ਦੁਆਰਾ ਦਿੱਤਾ ਗਿਆ ਚੈੱਕ ... ਬੱਚੇ ਕਨੂੰਨੀ ਰੂਪ ਤੋਂ ਜ਼ਿੰਮੇਵਾਰ ਨਹੀਂ ਹਨ;
- ਅਜਨਬੀ ਦੁਆਰਾ ਵੀਕਐਂਡ ਜਾਂ ਛੁੱਟੀ ਦੇ ਦਿਨ ਦਿੱਤਾ ਗਿਆ ਚੈੱਕ ਜਦੋਂਕਿ ਬੈਂਕ ਤੋਂ ਪੜਤਾਲ ਕਰਨਾ ਅਸੰਭਵ ਹੋਵੇ;
- ਸ਼ਹਿਰ ਤੋਂ ਬਾਹਰ ਦਾ ਚੈੱਕ ਖਤਰਾ ਵਧਾਉਂਦਾ ਹੈ ਅਤੇ ਵਸੂਲੀ ਦਾ ਮੌਕਾ ਘਟਾ ਦਿੰਦਾ ਹੈ।

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।